# ਮਾਡਲ ਟੈਸਟ ਪੇਪਰ

## (2023-24)

## ਗ੍ਰਹਿ ਵਿਗਿਆਨ

## ਸ਼੍ਰੇਣੀ- ਦਸਵੀਂ

## ਵਿਲੱਖਣ ਸਮਰਥਾ ਵਾਲੇ ਵਿਦਿਆਰਥੀਆਂ ਲਈ

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ (ਲਿਖਤੀ)**

1. ਪ੍ਰਸ਼ਨ ਪੱਤਰ ਵਿੱਚ ਕੁਲ 25 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।

2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆਂ ਹੋਵੇਗਾ। ਹਰ ਭਾਗ ਸਾਰੇ ਪਾਠ-ਕ੍ਰਮ ਤੇ ਅਧਾਰਤ ਹੋਵੇਗਾ।

ਭਾਗ-1 ਵਿੱਚ ਅਠਾਰਾਂ (18) ਵਸਤੂ ਨਿਸ਼ਨ ਪ੍ਰਸ਼ਨ (1 ਤੋਂ 18 ) ਪੁੱਛੇ ਜਾਣਗੇ। ਹਰ ਪ੍ਰਸ਼ਨ ਦੋ ਅੰਕ ਦਾ ਹੋਵੇਗਾ । ਵਸਤੂਨਿਸ਼ਨ ਪ੍ਰਸ਼ਨ ਇਕ ਸ਼ਬਦ ਤੋਂ ਇਕ ਵਾਕ ਤੱਕ ਦੇ ਉਤਰ ਵਾਲੇ ਜਾਂ ਖਾਲੀ ਥਾਂ ਭਰੋ ਜਾਂ ਠੀਕ/ਗਲਤ ਜਾਂ ਬਹੁ ਭਾਂਤੀ ਉੱਤਰਾਂ ਵਾਲੇ , ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ। 18x2=36

ਭਾਗ-II ਵਿੱਚ ਚਾਰ (4) ਛੋਟੇ ਉਤਰਾਂ ਵਾਲੇ ਪ੍ਰਸ਼ਨ (19 ਤੋ 22) ਪੁੱਛੇ ਜਾਣਗੇ। ਹਰ ਭਾਗ ਵਿੱਚ ਅੰਦਰੂਨੀ ਛੋਟ ਵਾਲੇ ਪ੍ਰਸ਼ਨ ਹੋਣਗੇ। ਹਰ ਪ੍ਰਸ਼ਨ 3 ਅੰਕ ਦਾ ਹੋਵੇਗਾ ਜਿਸ ਦਾ ਉਤਰ 60-80 ਸ਼ਬਦਾਂ ਵਿੱਚ ਹੋਵੇ। 4x3=12

ਭਾਗ-III ਵਿੱਚ ਤਿੰਨ (3) ਅੰਦਰੂਨੀ ਛੋਟ ਵਾਲੇ ਨਿਬੰਧਾਤਮਕ ਪ੍ਰਸ਼ਨ (23 ਤੋਂ 25 ) ਪੁੱਛੇ ਜਾਣਗੇ । ਹਰ ਪ੍ਰਸ਼ਨ 4 ਅੰਕਾਂ ਦਾ ਹੋਵੇਗਾ , ਜਿਸ ਦਾ ਉੱਤਰ 100-120 ਸ਼ਬਦਾਂ ਵਿੱਚ ਹੋਵੇ। 4x3=12

ਵਸਤੂਨਿਸ਼ਠ ਪ੍ਰਸ਼ਨ

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

1. ਪਰਿਵਾਰਿਕ ਟੀਚੇ .............. ਤਰ੍ਹਾਂ ਦੇ ਹੁੰਦੇ ਹਨ।

   (ੳ) ਇੱਕ (ਅ) ਦੋ (ੲ) ਤਿੰਨ (ਸ) ਕੋਈ ਨਹੀਂ

2. ਸਮਾਂ ਅਤੇ ਸ਼ਕਤੀ ................ ਸਾਧਨ ਹਨ।

   (ੳ) ਮਨੁੱਖੀ (ਅ) ਭੌਤਿਕ (ੲ) ਕਈ ਨਹੀਂ

3. ਘਰ ਦੀ ਲੋੜ ਹੈ...............

   (ੳ) ਸੁਰੱਖਿਆ ਲਈ (ਅ) ਆਰਥਿਕ ਵਿਕਾਸ ਲਈ

   (ੲ) ਕੁਦਰਤੀ ਆਫਤਾਂ ਤੋਂ ਬਚਣ ਲਈ (ਸ) ਸਾਰਿਆਂ ਲਈ

4. ਫੁੱਲਾਂ ਨੂੰ ਸਜਾਉਣ ਦੇ ਮੁੱਖ ........... ਤਰੀਕੇ ਹਨ।

   (ੳ) ਅਮਰੀਕਨ (ਅ) ਜਾਪਾਨੀ (ੲ) ਦੋਵੇਂ ਹੀ

5. ਕੂੜੇ ਕਰਕਟ ਨਾਲ ਖਾਦ ਬਣਾਈ ਜਾ ਸਕਦੀ ਹੈ। (ਸਹੀ/ਗਲਤ)

6. ਭੋਜਨ ਸਰੀਰ ਨੂੰ ......... ਦਿੰਦਾ ਹੈ।

   (ੳ) ਤਾਕਤ (ਅ) ਆਲਸ (ੲ) ਹਮਦਰਦੀ

7. ਪਾਣੀ ਸਰੀਰ ਵਿੱਚੋਂ ਵਾਧੂ ਪਦਾਰਥਾਂ ਨੂੰ ਬਾਹਰ ਕੱਢਦਾ ਹੈ। (ਸਹੀ/ਗਲਤ)

8. ਪ੍ਰੋਟੀਨ ਦਾ ਕੰਮ ਹੈ :

   (ੳ) ਸਰੀਰ ਨੂੰ ਤਾਕਤ ਦੇਣਾ (ਅ) ਟੁੱਟੇ-ਫੁੱਟੇ ਸੈੱਲਾਂ ਦੀ ਮੁਰੰਮਤ

   (ੲ) ਸਰੀਰ ਦੀ ਗਰਮੀ ਨੂੰ ਕਾਇਮ ਰੱਖਣਾ (ਸ) ਉਪਰੋਕਤ ਸਾਰੇ ਹੀ

9. ਕਾਰਬੋਹਾਈਡ੍ਰੇਟਸ ਸਰੀਰ ਨੂੰ ਊਰਜਾ ਪ੍ਰਦਾਨ ਕਰਦਾ ਹੈ। (ਸਹੀ/ਗਲਤ)

10. ਵਿਟਾਮਿਨ ਏ ਦੀ ਕਮੀ ਨਾਲ ........... ਰੋਗ ਹੋ ਜਾਂਦਾ ਹੈ। (ਅੰਧਰਾਤਾ/ਰਿਕਟੇਸ)

11. ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। (ਸਹੀ/ਗਲਤ)

12. ਸੰਯੁਕਤ ਪਰਿਵਾਰ ਵਿੱਚ ਮਾਤਾ-ਪਿਤਾ, ਦਾਦਾ-ਦਾਦੀ, ਚਾਚਾ-ਚਾਚੀ ਅਤੇ ਉਹਨਾਂ ਦੇ ਬੱਚੇ ਹੁੰਦੇ ਹਨ। (ਸਹੀ/ਗਲਤ)

13. ਗਰਭ ਅਵਸਥਾ ਦਾ ਸਮਾਂ ਆਮ ਤੌਰ ਤੇ 280 ਦਿਨਾਂ ਦਾ ਹੁੰਦਾ ਹੈ। (ਸਹੀ/ਗਲਤ)

14. ਨਾੜੂ ਦੀ ਲੰਬਾਈ 10 ਇੰਚ ਤੋਂ 20 ਇੰਚ ਤੱਕ ਹੋ ਜਾਂਦੀ ਹੈ। (ਸਹੀ/ਗਲਤ)

15. ਛੋਟੇ ਰੇਸ਼ੇ ਦੀ ਲੰਬਾਈ ਕਿੰਨੀ ਹੁੰਦੀ ਹੈ?

(ੳ) ¼ ਤੋਂ 18 ਇੰਚ ਤੱਕ (ਅ) 3 ਤੋਂ 8 ਇੰਚ (ੲ) ਕੋਈ ਨਹੀਂ

16. ਗਰਮੀਆਂ ਵਿੱਚ ............... ਕੱਪੜੇ ਪਹਿਨੇ ਜਾਂਦੇ ਹਨ।

(ੳ) ਸੂਤੀ (ਅ) ਰੇਸ਼ਮੀ (ੲ) ਉੱਨ ਦੇ

17. ਸਿਲਕ ਨੂੰ ਰੇਸ਼ਿਆਂ ਦੀ ਰਾਣੀ ਕਿਹਾ ਜਾਂਦਾ ਹੈ। (ਸਹੀ/ਗਲਤ)

18. ਸਿਲਕ ਦਾ ਰੇਸ਼ਾ ਰੇਸ਼ਮ ਦੇ ਕੀੜੇ ਦੀ ਲਾਰ ਤੋਂ ਬਣਦਾ ਹੈ। (ਸਹੀ/ਗਲਤ)

ਹੇਠ ਲਿਖੇ ਛੋਟੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਦੇ 3 ਅੰਕ ਹਨ।

19. ਘਰ ਦੇ ਲਈ ਜਗ੍ਹਾ ਦੀ ਚੋਣ ਕਰਦੇ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਜਾਂ

ਕੂੜੇ ਦੇ ਨਿਪਟਾਰੇ ਦੀਆਂ ਵਿਧੀਆਂ ਦੇ ਨਾਂ ਲਿਖੋ।

20. ਵਿਟਾਮਿਨ ਏ ਦੀ ਕਮੀ ਨਾਲ ਕਿਹੜਾ ਨੁਕਸਾਨ ਹੁੰਦਾ ਹੈ? ਇਸ ਦੀ ਪ੍ਰਾਪਤੀ ਦੇ ਸਾਧਨ ਦੱਸੋ।

ਜਾਂ

ਕਿਹੜੇ ਕਾਰਨਾਂ ਕਰਕੇ ਬਹੁ-ਗਿਣਤੀ ਲੋਕਾਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ?

21. ਸੰਯੁਕਤ ਪਰਿਵਾਰ ਤੋਂ ਤੁਸੀਂ ਕੀ ਸਮਝਦੇ ਹੋ?

ਜਾਂ

ਗਰਭ ਦੇ ਸਮੇਂ ਦੀਆਂ ਆਮ ਤਕਲੀਫਾਂ ਬਾਰੇ ਦੱਸੋ।

22. ਲਿਨਨ ਅਤੇ ਸੂਤੀ ਕੱਪੜਿਆਂ ਵਿੱਚ ਕੀ ਸਮਾਨਤਾ ਹੈ?

ਜਾਂ

ਉੱਨੀ ਕੱਪੜੇ ਦੀ ਦੇਖ-ਭਾਲ ਕਿਵੇਂ ਕਰੋਗੇ?

ਨਿਬੰਧਾਤਮਕ ਪ੍ਰਸ਼ਨ। ਹਰੇਕ ਪ੍ਰਸ਼ਨ ਦੇ 4 ਅੰਕ ਹੋਣਗੇ।

23. ਤਸੀਂ ਫਰਨੀਚਰ ਦੀ ਦੇਖ-ਭਾਲ ਕਿਵੇਂ ਕਰੋਗੇ?

ਜਾਂ

ਘਰ ਵਿਚ ਬੈਠਕ ਦੀ ਕੀ ਮਹੱਤਤਾ ਹੈ?

24. ਭੋਜਨ ਦੇ ਪੋਸ਼ਟਿਕ ਤੱਤ ਕਿਹੜੇ-ਕਿਹੜੇ ਹਨ? ਇਸ ਦੇ ਕੰਮ ਅਤੇ ਪ੍ਰਾਪਤੀ ਦੇ ਸਾਧਨ ਦੱਸੋ।

ਜਾਂ

ਸੰਤੁਲਿਤ ਭੋਜਨ ਦੀ ਯੋਜਨਾ ਬਣਾਉਂਦੇ ਸਮੇਂ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

25. ਸੰਯੁਕਤ ਪਰਿਵਾਰ ਦੇ ਕੀ ਲਾਭ ਹਨ?

ਜਾਂ

ਗਰਭ ਅਵਸਥਾ ਦੌਰਾਨ ਭਰੂਣ ਦੀਆਂ ਵੱਖ-ਵੱਖ ਅਵਸਥਾਵਾਂ ਬਾਰੇ ਲਿਖੋ।

(1) ਗ੍ਰਹਿ ਵਿਵਸਥਾ ਦੀ ਪਰਿਭਾਸ਼ਾ ਲਿਖੋ?

(2) ਘਰ ਦੀ ਲੋੜ ਦੇ ਮੁੱਖ ਦੋ ਕਾਰਨ ਦੱਸੋ?

(3) ਘਰੇਲੂ ਕੂੜੇ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਹੁੰਦੀਆਂ ਹਨ?

(4) ਘਰ ਦੀ ਸਜਾਵਟ ਲਈ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਪ੍ਰਯੋਗ ਹੁੰਦਾ ਹੈ?

(5) ਪ੍ਰੋਟੀਨ ਕਿਹੜੇ ਤੱਤਾਂ ਦਾ ਮਿਸ਼ਰਣ ਹੈ?

(6) ਵਿਟਾਮਿਨ ਸਾਡੇ ਰੱਖਿਅਕ ਤੱਤ ਕਿਉਂ ਹਨ?

(7) ਭੋਜਨ ਦੀ ਪਰਿਭਾਸ਼ਾ ਲਿਖੋ?

(8) ਸਬਜ਼ੀਆਂ ਵਿੱਚ ਕਿਹੜੇ-ਕਿਹੜੇ ਪੋਸ਼ਟਿਕ ਤੱਤ ਹੁੰਦੇ ਹਨ?

(9) ਪਰਿਵਾਰ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ?

(10) ਪਰਿਵਾਰ ਸਮਾਜ ਦੀ ............... ਇਕਾਈ ਹੈ।

(11) ਗਰਭ ਅਵਸਥਾ ਨੂੰ ਕਿੰਨੇ ਭਾਗਾਂ ਵਿੱਚ ਵੰਡ ਸਕਦੇ ਹਾਂ?

(12) ਪਲੈਸੈਟਾਂ ਕੀ ਹੁੰਦਾ ਹੈ?

(13) ਸਿਲਕ ਨੂੰ ਰੇਸ਼ਿਆਂ ਦੀ ......... ਕਿਹਾ ਜਾਂਦਾ ਹੈ।

(14) ਗਰਮੀਆਂ ਵਿੱਚ .......... ਤੋਂ ਬਣੇ ਕੱਪੜੇ ਪਹਿਨੇ ਜਾਂਦੇ ਹਨ।

(15) ਥਰਮੋਪਲਾਸਟਿਕ ਰੇਸ਼ਿਆਂ ਤੋਂ ਕੀ ਭਾਵ ਹੈ?

(16) ਸੈਲੂਲੋਜ਼ ਰੇਸ਼ੇ ਕਿਹੜੇ ਹੁੰਦੇ ਹਨ?

ਛੋਟੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ।

(17) ਕੂੜਾ-ਕਰਕਟ ਤੋਂ ਖਾਦ ਕਿਵੇਂ ਬਣਾਈ ਜਾਂਦੀ ਹੈ?

(18)